# 21st Meeting of SCO Council of Heads of State in Dushanbe, Tajikistan

September 15, 2021

.....................................................................................................................

## ਦੁਸ਼ਾਂਬੇ (ਤਜ਼ਾਕਿਸਤਾਨ) ਵਿੱਚ SCO ਦੇਸ਼ਾਂ ਦੇ ਮੁਖੀਆਂ ਦੀ ਪਰਿਸ਼ਦ ਦੀ 21ਵੀਂ ਬੈਠਕ

15 ਸਤੰਬਰ, 2021

1. SCO ਪਰਿਸ਼ਦ ਦੇ ਮੁਖੀਆਂ ਦੀ ਪਰਿਸ਼ਦ ਦੀ 21ਵੀਂ ਮੀਟਿੰਗ 17 ਸਤੰਬਰ, 2021 ਨੂੰ ਦੁਸ਼ਾਂਬੇ ਅੰਦਰ ਮਿਲੇ - ਜੁਲੇ ਫਾਰਮੈਟ ਵਿੱਚ ਹੋਵੇਗੀ। ਬੈਠਕ ਦੀ ਪ੍ਰਧਾਨਗੀ ਤਜ਼ਾਕਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਇਮੋਮਾਲੀ ਰਾਹਮਨ ਕਰਨਗੇ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ ਅਤੇ ਵੀਡੀਓ ਲਿੰਕ ਰਾਹੀਂ ਸਿਖ਼ਰ ਸੰਮੇਲਨ ਦੇ ਆਮ ਸਤਰ ਨੂੰ ਸੰਬੋਧਨ ਕਰਨਗੇ। ਦੁਸ਼ਾਂਬੇ ਵਿੱਖੇ ਭਾਰਤ ਦੀ ਨੁਮਾਇੰਦਗੀ ਵਿਦੇਸ਼ ਮੰਤਰੀ ਡਾਕਟਰ ਐਸ. ਜੈਸ਼ੰਕਰ ਕਰਨਗੇ।

2. SCO ਸਿਖ਼ਰ ਸੰਮੇਲਨ ਵਿੱਚ SCO ਦੇ ਮੈਂਬਰ ਦੇਸ਼, ਆਬਜ਼ਰਵਰ ਦੇਸ਼, SCO ਦੇ ਸਕੱਤਰ ਜਨਰਲ, SCO ਖੇਤਰੀ ਅੱਤਵਾਦ-ਰੋਧੀ ਢਾਂਚੇ (RATS) ਦੇ ਕਾਰਜਕਾਰੀ ਨਿਰਦੇਸ਼ਕ, ਤੁਰਕਮੇਨਿਸਤਾਨ ਦੇ ਰਾਸ਼ਟਰਪਤੀ ਅਤੇ ਸੱਦੇ ਗਏ ਹੋਰ ਮਹਿਮਾਨ ਸ਼ਾਮਲ ਹੋਣਗੇ।

3. ਮਿਲੇ - ਜੁਲੇ ਫਾਰਮੈਟ ਵਿੱਚ ਕਰਾਇਆ ਜਾ ਰਿਹਾ ਇਹ ਪਹਿਲਾ ਸਿਖ਼ਰ ਸੰਮੇਲਨ ਹੈ ਅਤੇ ਚੌਥਾ ਅਜਿਹਾ ਸੰਮੇਲਨ ਹੈ ਜਿਸ ਵਿੱਚ ਭਾਰਤ SCO ਦੇ ਪੂਰਨ ਮੈਂਬਰ ਦੇ ਰੂਪ ਵਿੱਚ ਭਾਗ ਲਵੇਗਾ। ਇਸ ਸਿਖ਼ਰ ਸੰਮੇਲਨ ਦਾ ਮਹੱਤਵ ਹੈ ਕਿਉਂਕਿ ਇਸ ਇਸ ਸੰਗਠਨ ਦੀ 20ਵੀਂ ਵਰ੍ਹੇਗੰਢ ਹੈ। ਸਿਖ਼ਰ ਸੰਮੇਲਨ ਦੌਰਾਨ ਉਮੀਦ ਹੈ ਕਿ ਆਗੂ ਪਿਛਲੇ ਦੋ ਦਹਾਕਿਆਂ ਦੌਰਾਨ ਸੰਗਠਨ ਦੀਆਂ ਗਤੀਵਿਧੀਆਂ ਦੀ ਸਮੀਖਿਆ ਅਤੇ ਭਵਿੱਖ ਦੇ ਸਹਿਯੋਗ ਦੀਆਂ ਸੰਭਾਵਨਾਵਾਂ ਅਤੇ ਸਥਿਤੀ ਬਾਰੇ ਵਿਚਾਰ ਵਟਾਂਦਰੇ ਕਰਨਗੇ। ਖੇਤਰੀ ਅਤੇ ਅੰਤਰਰਾਸ਼ਟਰੀ ਮਹੱਤਤਾ ਦੇ ਮੁੱਦਿਆਂ 'ਤੇ ਵੀ ਗੱਲਬਾਤ ਹੋਣ ਦੀ ਆਸ ਹੈ।

ਨਵੀਂ ਦਿੱਲੀ
15 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.